ਗੁਰੂ ਨਾਨਕ - ਸਬਦ ੨੧

ਬਹੁਤਾ ਕਰਮੁ ਲਿਖਿਆ ਨਾ ਜਾਇ ॥

ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੫

ਬਹੁਤਾ ਕਰਮੁ ਲਿਖਿਆ ਨਾ ਜਾਇ ॥
ਵਡਾ ਦਾਤਾ ਤਿਲੁ ਨ ਤਮਾਇ ॥
ਕੇਤੇ ਮੰਗਹਿ ਜੋਧ ਅਪਾਰ ॥
ਕੇਤਿਆ ਗਣਤ ਨਹੀ ਵੀਚਾਰੁ ॥
ਕੇਤੇ ਖਪਿ ਤੁਟਹਿ ਵੇਕਾਰ ॥
ਕੇਤੇ ਲੈ ਲੈ ਮੁਕਰੁ ਪਾਹਿ ॥
ਕੇਤੇ ਮੂਰਖ ਖਾਹੀ ਖਾਹਿ ॥
ਕੇਤਿਆ ਦੂਖ ਭੂਖ ਸਦ ਮਾਰ ॥
ਏਹਿ ਭਿ ਦਾਤਿ ਤੇਰੀ ਦਾਤਾਰ ॥
ਬੰਦਿ ਖਲਾਸੀ ਭਾਣੈ ਹੋਇ ॥
ਹੋਰੁ ਆਖਿ ਨ ਸਕੈ ਕੋਇ ॥
ਜੇ ਕੋ ਖਾਇਕੁ ਆਖਣਿ ਪਾਇ ॥
ਓਹੁ ਜਾਣੈ ਜੇਤੀਆ ਮੁਹਿ ਖਾਇ ॥
ਆਪੇ ਜਾਣੈ ਆਪੇ ਦੇਇ ॥
ਆਖਹਿ ਸਿ ਭਿ ਕੇਈ ਕੇਇ ॥
ਜਿਸ ਨੋ ਬਖਸੇ ਸਿਫਤਿ ਸਾਲਾਹ ॥
ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥

ਸਾਰ: ਪ੍ਰਗਤੀ ਇੱਕ ਪਰਿਵਰਤਨਸ਼ੀਲ ਪ੍ਰਕਿਰਿਆ ਹੈ ਜੋ ਸਾਡੇ ਜੀਵਨ ਦੇ ਹਰ ਪਹਿਲੂ ਨੂੰ ਸਪਰਸ਼ ਕਰਦੀ ਹੈ। ਕਰਮ ਵਧੇਰੇ ਸਹਿਜ ਅਤੇ ਸੰਤੁਸ਼ਟ ਹੋ ਜਾਂਦੇ ਹਨ ਜਦੋਂ ਜਾਗਰੂਕਤਾ ਕੁਦਰਤ ਦੇ ਨਿਯਮਾਂ ਦੇ ਵਹਿਣ ਵਿੱਚ ਵਹਿੰਦੀ ਹੈ ਤਾਂ ਇਹ ਸਾਡਾ ਸਦਗੁਣਾਂ ਦੇ ਨਾਲ ਇੱਕ ਸੁਭਾਵਿਕ ਸੰਬੰਧ ਸਥਾਪਤ ਕਰਨ ਵਿਚ ਮਦਦ ਕਰਦੀ ਹੈ, ਅਤੇ ਸਾਡੇ ਅਸਲ ਆਪੇ ਅਤੇ ਆਲੇ-ਦੁਆਲੇ ਵੱਸਣ ਵਾਲਿਆਂ ਨਾਲ ਨੇੜਤਾ ਦਾ ਰਿਸ਼ਤਾ ਜੋੜਦੀ ਹੈ।

ਬਹੁਤਾ ਕਰਮੁ ਲਿਖਿਆ ਨਾ ਜਾਇ ॥

ਨੇਕ ਕਰਮਾਂ ਕਾਰਨ ਮਿਲੀ ਪ੍ਰਗਤੀ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ।

ਵਡਾ ਦਾਤਾ ਤਿਲੁ ਨ ਤਮਾਇ ॥

ਬਿਬੇਕ ਦੇ ਨਿਪੁੰਨ ਦਾਤੇ ਅੰਦਰ ਰਤੀ ਮਾਤਰ ਵੀ ਲੋਭ ਦਾ ਅੰਸ਼ ਨਹੀਂ।

ਕੇਤੇ ਮੰਗਹਿ ਜੋਧ ਅਪਾਰ ॥

ਅਨੰਤ ਅਨੰਤਤਾ ਦੀ ਸੂਝ ਨੂੰ ਜਿੱਤਣ ਵਾਲੀ ਯੋਗਤਾ ਦੀ ਜਾਚਨਾ ਕਰਦੇ ਹਨ।

ਕੇਤਿਆ ਗਣਤ ਨਹੀ ਵੀਚਾਰੁ ॥

ਬਹੁਤ ਸਾਰੇ ਵਿਚਾਰ ਹਨ ਜਿਨ੍ਹਾਂ ਦਾ ਲੇਖਾ ਨਹੀਂ ਹੋ ਸਕਦਾ।

ਕੇਤੇ ਖਪਿ ਤੁਟਹਿ ਵੇਕਾਰ ॥

ਬਹੁਤ ਸਾਰੇ ਨਿਰਾਸ਼ਾ ਵਿੱਚ ਹਨ ਅਤੇ ਫਾਹੂ ਵਿਚਾਰਾਂ ਕਾਰਣ ਮਾਯੂਸ ਹੋ ਜਾਂਦੇ ਹਨ।

ਕੇਤੇ ਲੈ ਲੈ ਮੁਕਰੁ ਪਾਹਿ ॥

ਬਹੁਤ ਸਾਰੇ ਗਿਆਨ ਪ੍ਰਾਪਤ ਕਰਦੇ ਹਨ ਪਰ ਇਸ ਨੂੰ ਵਿਵਹਾਰ ਵਿੱਚ ਲਿਆਉਣ ਤੋਂ ਪਰਹੇਜ਼ ਕਰਦੇ ਹਨ।

ਕੇਤੇ ਮੂਰਖ ਖਾਹੀ ਖਾਹਿ ॥

ਕਈ ਅਗਿਆਨਤਾ ਵਿੱਚ ਜਮਾਂ ਕਰਦੇ ਰਹਿੰਦੇ ਹਨ।

ਕੇਤਿਆ ਦੂਖ ਭੂਖ ਸਦ ਮਾਰ ॥

ਕਈ ਲੋਭ ਦੁਆਰਾ ਪੀੜਤ ਹੋ ਆਤਮਕ ਦੰਡ ਦੀ ਅਵਸਥਾ ਵਿਚ ਰਹਿੰਦੇ ਹਨ।

ਏਹਿ ਭਿ ਦਾਤਿ ਤੇਰੀ ਦਾਤਾਰ ॥

ਮਨ ਦੀਆਂ ਵੱਖ-ਵੱਖ ਅਵਸਥਾਵਾਂ ਸਰਵ ਵਿਆਪਕ ਚੇਤਨਾ ਦੀਆਂ ਦਾਤਾਂ ਹਨ।

ਬੰਦਿ ਖਲਾਸੀ ਭਾਣੈ ਹੋਇ ॥

ਬੰਧਨਾਂ ਤੋਂ ਮੁਕਤੀ ਕੁਦਰਤ ਦੇ ਨਿਯਮਾਂ ਨਾਲ ਇਕਸੁਰ ਹੋ ਜੀਉਣ ਨਾਲ ਮਿਲਦੀ ਹੈ।

ਹੋਰੁ ਆਖਿ ਨ ਸਕੈ ਕੋਇ ॥

ਕੁਦਰਤ ਦੇ ਨਿਯਮਾਂ ਦੇ ਨਿਰਣਿਆਂ ਵਿੱਚ ਕਿਸੇ ਨੂੰ ਕੁਝ ਕਹਿਣ ਦਾ ਅਧਿਕਾਰ ਨਹੀਂ ਹੈ।

ਜੇ ਕੋ ਖਾਇਕੁ ਆਖਣਿ ਪਾਇ ॥

ਜੋ ਅਗਿਆਨੀ, ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਅੰਦਰ ਕੁਦਰਤ ਦੇ ਨਿਯਮਾਂ ਦੇ ਨਿਰਣਿਆਂ ਤੇ ਸਤਾ ਹੈ।

ਓਹੁ ਜਾਣੈ ਜੇਤੀਆ ਮੁਹਿ ਖਾਇ ॥

ਉਨ੍ਹਾਂ ਨੂੰ ਆਪਣੀ ਅਗਿਆਨਤਾ ਦਾ ਅਹਿਸਾਸ ਉਦੋਂ ਹੁੰਦਾ ਹੈ ਜਦੋਂ ਉਹ ਨਿਰਾਸ਼ਤਾ ਦਾ ਸਾਹਮਣਾ ਕਰਦੇ ਹਨ।

ਆਪੇ ਜਾਣੈ ਆਪੇ ਦੇਇ ॥

ਅਣਡਿਠ ਸਰਬ-ਵਿਆਪਕ ਚੇਤਨਾ, ਬਣਦੇ ਹੱਕ ਨੂੰ ਪ੍ਰਦਾਨ ਕਰਨ ਬਾਰੇ ਚੇਤੰਨ ਹੈ।

ਆਖਹਿ ਸਿ ਭਿ ਕੇਈ ਕੇਇ ॥

ਉਹ ਬਹੁਤ ਘੱਟ ਹਨ ਜੋ ਕੁਦਰਤ ਦੇ ਨਿਯਮਾਂ ਨਾਲ ਸਹਿਮਤ ਹਨ।

ਜਿਸ ਨੋ ਬਖਸੇ ਸਿਫਤਿ ਸਾਲਾਹ ॥

ਜਿਨ੍ਹਾਂ ਨੂੰ ਕੁਦਰਤ ਦੇ ਨਿਯਮਾਂ ਨੂੰ ਮੰਨਣ ਅਤੇ ਸਲਾਹੁਣ ਦੀ ਬਖਸ਼ਿਸ਼ ਹੁੰਦੀ ਹੈ।

ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥

ਨਾਨਕ ਆਖਦੇ ਹਨ ਕਿ ਉਹ ਸਭ ਤੋਂ ਵੱਧ ਨਿਪੁੰਨ ਰਾਜਿਆਂ ਦੇ ਰਾਜੇ ਹਨ। (੨੫)

ਤੱਤ: ਗੁਰੂ ਨਾਨਕ ਦੇ ਅਨੁਸਾਰ, ਸੱਚਮੁੱਚ ਅਸਲ ਨਿਪੁੰਨ ਉਹੀ ਹਨ ਜੋ ਗਿਆਨ ਜਾਂ ਪਦਾਰਥਕ ਵਾਧੇ ਨੂੰ ਨਹਿਤ ਸਵਾਰਥ ਲਈ ਇਕੱਠਾ ਨਹੀਂ ਕਰਦੇ ਹਨ ਪਰ ਇਹਨਾਂ ਲਾਭਾਂ ਦੀ ਵਰਤੋਂ ਕੁਦਰਤ ਦੇ ਨਿਯਮਾਂ ਅਨੁਸਾਰ ਸਰਬਤ ਦੇ ਭਲੇ ਲਈ ਕਰਦੇ ਹਨ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**